ਮਿਊਂਸੀਪਲ ਚੋਣਾਂ 2010 ਬਰੈਂਪਟਨ ਦੇ ਉਮੀਦਵਾਰ ਚੋਣ ਮੈਦਾਨ 'ਚ

ਵਾਰਡ 9-10 ਦੇ ਰੀਜਨਲ ਕੌਂਸਲਰ ਦੀ ਕੁਰਸੀ ਇਸ ਵਾਰ ਖਤਰੇ 'ਚ

ਕੈਨੇਡਾ/ ਬਰੈਂਪਟਨ, 28 ਜਨਵਰੀ (ਸੁਰਜੀਤ ਸਿੰਘ ਫਲੋਰਾ)- ਜਿਵੇਂ ਕਿ ਸਭ ਨੂੰ ਪਤਾ ਚੱਲ ਹੀ ਚੁੱਕਾ ਹੈ ਕਿ ਮਿਉਂਸੀਪਲ ਦੀਆਂ ਚੋਣਾਂ ਦਾ ਬਿਗਲ ਵੱਜ ਹੀ ਚੁੱਕਾ ਹੈ ਜੋ ਕਿ 25 ਅਕਤੂਬਰ ਨੂੰ ਹੋ ਰਹੀਆਂ ਹਨ

ਤੇ ਜੋ ਵੀ ਚੋਣ ਮੈਦਾਨ ਵਿਚ ਆਉਣਾ ਚਾਹੁੰਦਾ ਹੈ ਉਹ 10 ਸਤੰਬਰ ਹੈ ਤੱਕ ਆਪਣੇ ਪੇਪਰ ਭਰ ਸਕਦਾ ਹੈ। ਹਾਲੇ ਤੱਕ ਆਏ ਨਾਵਾਂ ਦੀ ਸੂਚੀ ਮੁਤਾਬਿਕ ਪਹਿਲਾਂ ਵਾਲੇ ਸਾਰੇ ਸਿਟੀ ਕੌਂਸਲਰਾਂ ਅਤੇ ਰੀਜਨ ਕੌਂਲਸਰਾਂ ਵਲੋਂ ਆਪਣੇ - ਆਪਣੇ ਪੇਪਰ ਭਰ ਦਿੱਤੇ ਹਨ, ਜਿਹਨਾਂ ਵਿਚ ਪਹਿਲੇ ਨੰਬਰ ਤੇ ਮੇਅਰ ਸੂਜਨ ਫੈਨਲ ਵਲੋਂ ਇਕ ਵਾਰ ਫਿਰ ਬਰੈਂਪਟਨ ਵਾਸੀਆਂ ਦਾ ਮੰਨ ਜਿੱਤ ਕੇ ਉਹਨਾਂ ਦੀ ਸੇਵਾ ਵਿਚ ਡਟੇ ਰਹਿਣ ਦਾ ਪ੍ਰਣ ਲਿਆ ਹੈ। ਦੂਜੇ ਪਾਸੇ ਸਾਡੇ ਪਹਿਲੇ ਦਸਤਾਰਧਾਰੀ ਸਿੱਖ ਸਿਟੀ ਕੌਂਸਲਰ ਵਿੱਕੀ ਢਿੱਲੋਂ ਵਲੋਂ ਜੋ ਅੱਜ ਕੱਲ੍ਹ ਡੋਡਿਆ ਦੇ ਧੰਦੇ ਬੰਦ ਕਰਵਾ ਕੇ ਕੁਝ

ਵਿੱਕੀ ਢਿੱਲੋਂ ਨੂੰ ਕੋਈ ਫ਼ਰਕ ਪੈਣ ਵਾਲਾ ਨਹੀਂ

ਲੋਕਾਂ ਦੀਆਂ ਨਜਰਾਂ ਵਿਚ ਬੁਰੇ ਵੀ ਪੈ ਰਹੇ ਹਨ ਪਰ ਜੇਕਰ ਭਾਈਚਾਰੇ ਵਿਚ ਉਹਨਾਂ ਵਾਰੇ ਗੱਲ ਕੀਤੀ ਜਾਵੇ ਤਾਂ ਲੋਕਾਂ ਵਲੋਂ ਹਰ ਕਦਮ ਤੇ ਕੱਦੇ ਮਿਲਾ ਕੇ ਉਹਨਾਂ ਦੇ ਨਾਲ ਚੱਲਣ ਦੀ ਗੱਲ ਕੀਤੀ ਜਾ ਰਹੀ ਹੈ, ਉਹਨਾਂ ਮੁਤਾਬਿਕ ਜੇਕਰ ਕੋਈ ਡੋਡੇ ਵੇਚਦਾ ਹੈ ਤੇ ਉਹ ਸਿਰਫ ਆਪਣਾ ਤੇ ਆਪਣੇ ਪਰਿਵਾਰ ਦਾ ਪੇਟ ਭਰਦਾ ਹੈ, ਪਰ ਜੋ ਭੈਣਾਂ ਦੇ ਭਰਾ, ਮਾਂ ਬਾਪ ਦੇ ਬੁਢਾਪੇ ਦਾ ਸਹਾਰਾ ਪੁੱਤਰ ਇਹਨਾਂ ਕੋਹੜ ਵਰਗੇ ਨਸ਼ਿਆਂ ਵਿੱਚ ਰੁਲ ਜਾਵੇਗਾ ਤਾਂ ਖਬਰੇ ਉਸ ਨੇ ਕਿੰਨੇ ਕੁ ਪਰਿਵਾਰਾਂ ਦੇ ਪੇਟ ਭਰਨੇ ਸਨ। ਇਸ ਵਾਰ ਵਿੱਕੀ ਢਿੱਲੋਂ ਦੇ ਵਿਰੋਧ ਵਿਚ ਹਰਵੀਨ ਸਿਧੂ ਆਈ ਹੈ, ਤੇ ਹੋਰ ਕਈ ਆ ਸਕਦੇ ਹਨ, ਪਰ ਦੇਖਣਾ ਇਹ ਹੈ ਕਿ ਲੋਕ ਵਿੱਕੀ ਢਿੱਲੋਂ ਦੀ ਕੀਤੀ ਹੋਈ ਮਿਹਨਤ ਅਤੇ ਭਾਈਚਾਰੇ ਨਾਲ ਹਰ ਸਮੇਂ ਜੁੜੇ ਰਹਿ ਕੇ ਉਹਨਾਂ ਦੇ ਹਰ ਦੁੱਖ ਸੁੱਖ ਵਿਚ ਸਹਾਈ ਹੋ ਕੇ ਉਹਨਾਂ ਨਾਲ ਚੱਲਣਾ ਉਹਨਾਂ ਨੂੰ ਇਕ ਵਾਰ ਫ਼ਿਰ ਸਿਟੀ ਹਾਲ ਭੇਜਦਾ ਹੈ ਜਾਂ ਨਹੀਂ ਜੋ ਸਮਾਂ ਹੀ ਦੱਸ ਸਕਦਾ ਹੈ। ਫਿਰ ਵਾਰਡ 1-5 ਤੋਂ ਰੀਜਨਲ ਕੌਂਸਲਰ ਐਲਨ ਮੋਰ ਦੇ ਵਿਰੋਧ ਵਿਚ ਕੋਈ ਹਾਲੇ ਤੱਕ ਨਹੀਂ ਨਿਤਰਿਆ, ਪਰ ਸਿਟੀ ਕੌਂਸਲਰ ਗਰਾਂਟ ਗਿਬਸੰਨ ਦੇ ਮੁਕਾਬਲੇ 'ਚ ਇੱਕ ਕਾਲੇ ਭਾਈਚਾਰੇ ਨਾਲ ਸਬੰਧਤ ਵਿਅਕਤੀ ਜਾਂ ਉਸੀ ਐਨਿੰਗ ਵਲੋਂ ਪੇਪਰ ਭਰੇ ਗਏ ਹਨ। ਵਾਰਡ 3-4 ਵਿਚੋਂ ਰੀਜਨਲ ਕੌਂਸਲਰ ਜਾਹਨ ਸੈਂਡਰਸਨ ਦੀ ਕੁਰਸੀ ਵੀ ਹਾਲੇ ਤੱਕ ਸੁਰੱਖਿਅਤ ਹੈ ਕਿਉਂਕਿ ਉਹਨਾਂ ਦੇ ਵਿਰੋਧ ਵਿਚ ਵੀ ਕਿਸੇ ਨੇ ਪੇਪਰ ਨਾਮਜ਼ਦ ਨਹੀਂ ਕੀਤੇ, ਪਰ ਸਿਟੀ ਕੌਂਸਲਰ ਬਾਬ ਕਲੂਹਨ ਦੇ ਵਿਰੋਧ ਵਿਚ ਸਾਡੇ ਪੰਜਾਬੀ ਭਾਈਚਾਰੇ ਦੇ ਪਰਮਿੰਦਰ ਸਿੰਘ ਗਰੇਵਾਲ ਵਲੋਂ ਪੇਪਰ ਭਰੇ ਹਨ। ਵਾਰਡ 2-6 ਤੋਂ ਦੋਨੋਂ ਸਿਟੀ ਕੌਂਸਲਰ ਅਤੇ ਰੀਜਨਲ ਕੌਂਸਲਰ ਦੇ ਵਿਰੋਧ ਵਿਚ ਇਕ ਇਕ ਉਮੀਦਵਾਰ ਹੈ, ਜਿਹਨਾਂ ਵਿਚ ਰੀਜਨਲ ਕੌਂਸਲਰ ਪਾਲ ਪਲੇਸੀ ਦੇ ਵਿਰੋਧ ਵਿਚ ਸਾਡੇ ਪੰਜਾਬੀ ਭਾਈਚਾਰੇ ਵਿਚੋਂ ਦਲਜਿੰਦਰ ਸਿੰਘ ਪੁਰ ਮੁਕਾਬਲੇ ਵਿਚ ਆਏ ਹਨ, ਉਹ ਪਿਛਲੇ 7 ਸਾਲਾਂ ਤੋਂ ਲਿੰਡਾ ਜਾਫਰੀ ਦੇ ਦਫ਼ਤਰ ਵਿਚ ਕੰਮ ਕਰ ਰਹੇ ਹਨ ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਦੇ ਪਿਛਲੇ ਸੱਤ ਸਾਲਾਂ ਦਾ ਤਜਰਬਾ , ਲੋਕਾਂ ਨਾਲ ਮਿਲ ਜੁਲ ਕੇ ਉਹਨਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਤੇ ਬਹੁਤ ਨੇੜੇ ਤੋਂ ਉਹਨਾਂ ਦੀਆਂ ਮੁਸਕਲਾਂ ਸਮਝਣ ਦਾ ਮੌਕਾ ਮਿਲਿਆ ਹੈ। ਜਿਸ ਲਈ ਮੈਨੂੰ ਆਸ ਹੈ ਮੈਂ ਇਹ ਵਾਰਡ ਤੋਂ ਜਿਤ ਕੇ ਭਾਈਚਾਰੇ ਦੀ ਸੇਵਾ ਕਰ ਸਕਾ ਉਹ ਕੈਨੇਡਾ ਦੇ ਜੰਮਪਲ ਹਨ। ਇਸੇ ਹੀ ਵਾਰਡ ਤੋਂ ਸਿਟੀ ਕੌਂਸਲਰ ਦੇ ਮੌਜੂਦਾ ਉਮੀਦਵਾਰ ਜਾਹਨ ਹਾਰਟਨ ਦੇ ਵਿਰੋਧ ਵਿਚ ਵੀ ਇਕ ਕਾਲੇ ਭਾਈਚਾਰੇ ਨਾਲ ਸਬੰਧਤ ਔਰਤ ਉਮੀਦਵਾਰ ਟੋਨੀਆਂ ਟਾਮਸੰਨ ਚੋਣ ਮੈਦਾਨ ਵਿਚ ਹੈ। ਵਾਰਡ 7-8 ਤੋਂ ਰੀਜਨਲ ਕੌਂਸਲਰ

ਗੇਲ ਮਾਈਲਸ ਦੀ ਕੁਰਸੀ ਹਾਲੇ ਤੱਕ ਵਚੀ ਹੋਈ ਹੈ, ਕੋਈ ਵੀ ਉਹਨਾਂ ਦੇ ਵਿਰੋਧ ਵਿਚ ਉਮੀਦਵਾਰ ਨਹੀਂ ਹੈ, ਇਸੇ ਤਰ੍ਹਾਂ ਸਿਟੀ ਕੌਂਸਲ ਸੈਂਡਰਾ ਹੇਮਸ ਦੀ ਕੁਰਸੀ ਵੀ ਹਾਲੇ ਤੱਕ ਬਚੀ ਹੋਈ ਹੈ ਪਰ ਵਾਰਡ 9-10 ਵਿਚ ਦੋਨੋਂ ਸਿਟੀ ਕੌਂਸਲਰ ਅਤੇ ਰੀਜਨਲ ਕੌਂਸਲਰ ਖ਼ਤਰੇ ਵਿਚ ਹਨ, ਵਿੱਕੀ ਢਿੱਲੋਂ ਸਿਟੀ ਕੌਂਸਲਰ ਤਾਂ ਇਨਾ ਨਹੀਂ ਪਰ ਜਾਹਨ ਸੁਪਰਵਈ ਜ਼ਰੂਰ ਹੈ ਜਿਸ ਨੂੰ ਸਖ਼ਤ ਮਿਹਨਤ ਕਰਨ ਦੀ ਲੋੜ ਲੱਗਦੀ ਹੈ, ਕਿਉਂਕਿ ਉਸ ਦੇ ਵਿਰੋਧ ਵਿਚ ਸਾਡੇ ਪੰਜਾਬੀ ਭਾਈਚਾਰੇ ਦੇ ਹੀ ਤਿੰਨ ਉਮੀਦਵਾਰ ਮੈਦਾਨ ਵਿਚ ਹਨ, ਜਿਹਨਾਂ ਵਿਚ ਕੁਲਦੀਪ ਕੰਦੋਲਾ, ਹਰਕਵਲ ਬਿੰਦ ਅਤੇ ਰਘਵੀਰ ਸਿੰਘ ਹਨ। ਇਸ ਦੇ ਨਾਲ ਹੀ ਪੀਲ ਡਿਸਟਿਕ ਸਕੂਲ ਬੋਰਡ ਟਰੱਸਟੀ ਤੋਂ ਪਹਿਲਾਂ ਵਾਲੇ ਹੀ ਉਮੀਦਵਾਰ ਮੈਦਾਨ ਵਿਚ ਹਨ ਜਿਨ੍ਹਾਂ ਵਿਚ ਇਕ 2, 9 ਅਤੇ 10 ਨੂੰ ਛੱਡ ਕੇ ਬਾਕੀ ਸਭ ਦੀਆਂ ਸੀਟਾਂ ਮਹਿਫੂਜ਼ ਹਨ, ਕਿਉਂਕਿ ਵਾਰਡ 2, 9 ਤੇ 10 ਤੋਂ ਸਾਡੇ ਭਾਈਚਾਰੇ ਵਿਚ ਜਾਣੇ ਪਹਿਚਾਣੇ ਅਤੇ ਹਰ ਸਮੇਂ ਭਾਈਚਾਰੇ ਦੀਆਂ ਸੇਵਾਵਾਂ ਲਈ ਵੱਧ ਚੜ੍ਹ ਕੇ ਹਿੱਸਾ ਪਾਉਣ ਅਤੇ ਲੈਣ ਵਾਲੇ ਸੰਭੂ ਦੱਤ ਸ਼ਰਮਾ ਸਾਹਿਬ ਮੈਦਾਨ ਵਿਚ ਹਨ। ਭਾਈਚਾਰੇ ਵਲੋਂ ਉਹਨਾਂ ਦਾ ਪੂਰੀ ਤਰ੍ਹਾਂ ਸਾਥ ਦੇਣ ਦਾ ਵਾਅਦਾ ਕੀਤਾ ਹੈ ਅੱਗੇ ਉਹਨਾਂ ਕਿਸਮਤ ਜੋ ਸਮਾਂ ਹੀ ਦੱਸ ਸਕਦਾ ਹੈ।

ਹਾਕੀ ਕੋਚ ਬਲਜੀਤ ਕੌਰ ਦਾ ਗਣਤੰਤਰਤਾ ਦਿਵਸ ਦੇ ਮੌਕੇ ਜਲੰਧਰ ਵਿਖੇ ਸਨਮਾਨ ਕਰਦੇ ਹੋਏ ਮੁੱਖ ਮਹਿਮਾਨ ਕੈਬਨਿਟ ਮੰਤਰੀ ਪੰਜਾਬ ਸ. ਰਣਜੀਤ ਸਿੰਘ ਬ੍ਰਹਮਪੁਰਾ। ਉਨ੍ਹਾਂ ਨਾਲ ਡੀ.ਸੀ. ਜਲੰਧਰ ਸ. ਅਜੀਤ ਸਿੰਘ ਪੰਨੂੰ ਤੇ ਐਸ.ਐਸ. ਪੀ. ਸ੍ਰੀ ਆਰ. ਕੇ. ਜਾਇਸਵਾਲ ਵੀ ਦਿਖਾਈ ਦੇ ਰਹੇ।

ਹਾਕੀ ਕੋਚ ਬਲਜੀਤ ਕੌਰ ਦਾ ਵਿਸ਼ੇਸ਼ ਸਨਮਾਨ

ਜਲੰਧਰ, 28 ਜਨਵਰੀ (ਅ.ਬ.)- ਸਪੋਰਟਸ ਅਥਾਰਟੀ ਇੰਡੀਆ ਦੀ ਹਾਕੀ ਕੋਚ ਬਲਜੀਤ ਕੌਰ ਜੋ ਇਸ ਵੇਲੇ ਸ.ਸ.ਸ. ਸਕੂਲ ਨਹਿਰੂ ਗਾਰਡਨ ਜਲੰਧਰ ਵਿਖੇ ਤਾਇਨਾਤ ਹਨ, ਦੇ ਵਜੋਂ ਹਾਕੀ ਦੇ ਖੇਤਰ ਵਿਚ ਪਾਏ ਵੱਡਮੁੱਲੇ ਯੋਗਦਾਨ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਜਲੰਧਰ ਵੱਲੋਂ ਗਣਤੰਤਰਤਾ ਦਿਵਸ ਦੇ ਮੌਕੇ 'ਤੇ ਗੁਰੂ ਗੋਬਿੰਦ ਸਟੇਡੀਅਮ ਜਲੰਧਰ ਵਿਖੇ ਮੁੱਖ ਮਹਿਮਾਨ ਕੈਬਨਿਟ ਮੰਤਰੀ ਸ. ਰਣਜੀਤ ਸਿੰਘ ਬ੍ਰਹਮਪੁਰਾ ਨੇ ਵਿਸ਼ੇਸ ਐਵਾਰਡ ਨਾਲ ਸਨਮਾਨਿਤ ਕੀਤਾ। ਇਸ ਮੌਕੇ 'ਤੇ ਡੀ.ਸੀ. ਜਲੰਧਰ ਸ. ਅਜੀਤ ਸਿੰਘ ਪੰਨੂੰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਬਲਜੀਤ ਕੌਰ ਦੀ ਇਸ ਪ੍ਰਾਪਤੀ ਤੋਂ ਡਾਇਰੈਕਟਰ ਸਪੋਰਟਸ ਪੰਜਾਬ ਪਦਮਸ੍ਰੀ ਪ੍ਰਗਟ ਸਿੰਘ, ਉਲੰਪੀਅਨ ਵਰਿੰਦਰ ਸਿੰਘ, ਉਲੰਪੀਅਨ ਮੁਖਬੈਨ ਸਿੰਘ, ਉਲੰਪੀਅਨ ਸੰਜੀਵ ਕੁਮਾਰ, ਉਲੰਪੀਅਨ ਕਰਨਲ ਹਰਚਰਨ ਸਿੰਘ, ਸੁਰਜੀਤ ਹਾਕੀ ਸੁਸਾਇਟੀ ਦੇ ਜਨਰਲ ਸਕੱਤਰ ਸੁਰਿੰਦਰ ਸਿੰਘ ਭਾਪਾ, ਜ਼ਿਲ੍ਹਾ ਖੇਡ ਅਫ਼ਸਰ ਸ. ਹਰਦੇਵ ਸਿੰਘ, ਡਿਪਟੀ ਡਾਇਰੈਕਟਰ ਸਪੋਰਟਸ ਸ੍ਰੀ ਹਜ਼ਾਰੀ ਲਾਲ ਸ਼ਰਮਾ, ਕੌਮਾਂਤਰੀ ਹਾਕੀ ਖਿਡਾਰੀ ਰਿਪਦੁਮਨ ਕੁਮਾਰ ਸਿੰਘ, ਜੂਨੀਅਰ ਵਿਸ਼ਵ ਕੱਪ ਦੇ ਜੇਤੂ ਤੇਜਬੀਰ ਸਿੰਘ ਨੇ ਵਧਾਈ ਦਿੱਤੀ।

ਪੁਲਿਸ ਕਮਿਸ਼ਨਰ ਪ੍ਰਣਾਲੀ ਜਨਤਾ ਲਈ ਘਾਤਕ-ਰੰਧਾਵਾ

ਅੰਮ੍ਰਿਤਸਰ, 28 ਜਨਵਰੀ (ਮੋਤਾ ਸਿੰਘ)-ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਡਿਪਟੀ ਚੀਫ ਸ੍. ਕਿਰਪਾਲ ਸਿੰਘ ਰੰਧਾਵਾ ਨੇ ਪੁਲਿਸ ਕਮਿਸ਼ਨਰ ਪ੍ਰਣਾਲੀ ਨੂੰ ਜਨਤਾ ਲਈ ਘਾਤਕ ਦੱਸਦਿਆਂ ਸਰਕਾਰ ਨੂੰ ਇਸ ਤੇ ਮੁੜ ਗੌਰ ਕਰਨ ਦੀ ਅਪੀਲ ਕੀਤੀ ਹੈ। ਇੱਥੋਂ ਜਾਰੀ ਇੱਕ ਬਿਆਨ ਵਿੱਚ ਸ੍. ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਪੁਲਿਸ ਕਮਿਸ਼ਨਰ ਪ੍ਰਣਾਲੀ ਨੂੰ ਸੂਬੇ ਦੇ ਤਿੰਨ ਜ਼ਿਲ੍ਹਿਆਂ ਵਿੱਚ ਲਾਗੂ ਕਰਨ ਜਾ ਰਹੀ ਹੈ, ਜਿਸ ਨੂੰ ਸਰਕਾਰ ਵੱਲੋਂ ਮਨਜ਼ੂਰੀ ਦਿੱਤੇ ਜਾਣ ਨਾਲ ਸਭ ਤੋਂ ਜ਼ਿਆਦਾ ਘਾਟਾ ਪੰਜਾਬ ਦੀ ਜਨਤਾ ਨੂੰ ਪਵੇਗਾ। ਇਸ ਨਾਲ ਪੁਲਿਸ ਨੂੰ ਲੋਕਾਂ ਨੂੰ ਲੁੱਟਣ, ਘੁੱਟਣ ਅਤੇ ਬੇਇਨਸਾਫੀ ਕਰਨ ਦਾ ਇਕ ਨਵਾਂ ਹੋਰ ਹਥਿਆਰ ਮਿਲ ਜਾਵੇਗਾ। ਸ੍. ਰੰਧਾਵਾ ਨੇ ਹੋਰ ਕਿਹਾ ਕਿ ਇਹ ਪ੍ਰਣਾਲੀ ਆਈ.ਏ.ਐੱਸ. ਅਤੇ ਆਈ.ਪੀ. ਐੱਸ. ਅਫਸਰਾਂ ਦੀ ਲੜਾਈ ਦਾ ਸਬੱਬ ਬਣੇਗੀ ਅਤੇ ਆਈ.ਪੀ.ਐੱਸ. ਅਫਸਰ ਪਹਿਲਾਂ ਹੀ ਆਪਣੇ ਆਪ ਨੂੰ ਸਾਰਿਆਂ ਤੋਂ ਵੱਡਾ ਸਮਝਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਦੇ ਜਿਹੜੇ ਵੱਡੇ ਸ਼ਹਿਰਾਂ ਵਿੱਚ ਕਮਿਸ਼ਨਰ ਪ੍ਰਣਾਲੀ ਲਾਗੂ ਕੀਤੀ ਹੈ, ਉਥੇ ਅਪਰਾਧ ਬੰਦ ਨਹੀਂ ਹੋਇਆ। ਸ੍. ਰੰਧਾਵਾ ਨੇ ਕਿਹਾ ਕਿ ਪੁਲਿਸ ਪਹਿਲਾਂ ਹੀ ਲੋਕਾਂ ਨੂੰ ਕੋਈ ਇਨਸਾਫ ਨਹੀਂ ਦੇ ਰਹੀ, ਇਸ ਨਾਲ ਬੇਲਗਾਮ ਹੋ ਜਾਵੇਗੀ ਅਤੇ ਵਜ਼ੀਰਾਂ, ਵਿਧਾਇਕਾਂ ਦੀ ਹੱਥਠੋਕਾ ਬਣੇਗੀ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਹਿਲਾਂ ਪੁਲਿਸ ਦਾ ਕਰੀਮੀਨਲ ਸੁਭਾ, ਦਿਮਾਗ ਠੀਕ ਕਰਨ ਦੀ ਜ਼ਰੂਰਤ ਹੈ।

ਸੂਬੇ ਦੇ ਸਰਬਪੱਖੀ ਵਿਕਾਸ ਲਈ ਸਰਕਾਰ ਵਚਨਬੱਧ-ਬਾਦਲ

ਬੰਗਾ, 28 ਜਨਵਰੀ (ਰਾਜ ਮਜਾਰੀ)- ਚੌਧਰੀ ਸਵਰਨਾ ਰਾਮ ਤਕਨੀਕੀ ਸਿੱਖਿਆ ਮੰਤਰੀ ਪੰਜਾਬ ਤੇ ਚੌਧਰੀ ਮੋਹਨ ਲਾਲ ਹਲਕਾ ਵਿਧਾਇਕ ਬੰਗਾ ਦੇ ਜੱਦੀ ਪਿੰਡ ਬਹਿਰਾਮ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿਖੇ ਸਾਢੇ 12.5 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਸਾਢੇ 12 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਪੋਲੀਟੈਕਨਿਕ ਕਾਲਜ ਦਾ ਨੀਂਹ ਪੱਥਰ ਸ੍.ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਨੇ ਆਪਣੇ ਕਰ ਕਮਲਾਂ ਨਾਲ ਰੱਖਿਆ। ਸ੍. ਬਾਦਲ ਨੇ ਸਮਾਗਮ ਦੌਰਾਨ ਜੁੜੇ ਪਾਰਟੀ ਵਰਕਰਾਂ ਦੇ ਇੱਕ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਸਾਲ ਵਿੱਚ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿੱਚ ਸੱਤ ਬਹੁ ਤਕਨੀਕੀ ਸਿੱਖਿਆ ਕਾਲਜ ਖੋਲ੍ਹੇ ਜਾ ਰਹੇ ਹਨ। ਸਰਕਾਰ ਦੇ ਇਨ੍ਹਾਂ ਯਤਨਾਂ ਸਦਕਾ ਨੌਜਵਾਨਾਂ ਨੂੰ ਤਕਨੀਕੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਰੁਜ਼ਗਾਰ ਦੇ ਵਧੀਆ ਮੌਕੇ ਮਿਲਣਗੇ। ਸ੍.ਬਾਦਲ ਨੇ ਕਿਹਾ ਕਿ ਪੰਜ ਏਕੜ ਵਿੱਚ ਬਣਨ ਵਾਲੇ ਇਸ ਕਾਲਜ 'ਤੇ 12.5 ਕਰੋੜ ਰੁਪਏ ਖਰਚ ਹੋਣਗੇ। ਇੱਥੋਂ ਨੌਜਵਾਨਾਂ ਨੂੰ ਕੰਪਿਊਟਰ, ਸਿਵਲ ਮਕੈਨੀਕਲ ਅਤੇ ਕਮਿਊਨੀਕੇਸ਼ਨ ਆਦਿ 10 ਪ੍ਰਤੀਸ਼ਤ ਸੀਟਾਂ ਲੜਕੀਆਂ ਅਪੰਗਾਂ ਲਈ ਰਾਖਵੀਆਂ ਹੋਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਸੁਰੱਖਿਆ ਦੇ ਖੇਤਰ ਵਿੱਚ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਸਿਖਲਾਈ ਦੇਣ ਲਈ ਜਹਾਨ ਖੇਲਾਂ (ਹੁਸ਼ਿਆਰਪੁਰ) ਵਿੱਚ ਸਿਖਲਾਈ ਕੇਂਦਰ ਖੋਲ੍ਹਿਆ ਗਿਆ ਹੈ। ਸ੍.

ਬਾਦਲ ਨੇ ਕਿਹਾ ਕਿ ਪੀਣ ਵਾਸਤੇ ਸਾਫ ਸੁਥਰਾ ਪਾਣੀ ਹੀ ਮੁਹੱਈਆ ਕਰਵਾਉਣ ਲਈ ਸਰਕਾਰ ਵੱਲੋਂ 12.80 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡ ਬਲਾਕੀਪੁਰ ਦਾ ਬਿਜਲੀ ਗਰਿਡ ਬਣਾਉਣ ਅਤੇ ਬਹਿਰਾਮ ਨੂੰ ਕੰਪਿਊਟਰੀਕਰਨ ਹਾਲ ਦੀ ਉਸਾਰੀ ਲਈ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ ਚੌਧਰੀ ਸਵਰਨਾ ਰਾਮ ਤਕਨੀਕੀ ਸਿੱਖਿਆ ਮੰਤਰੀ ਪੰਜਾਬ, ਸ੍. ਦਲਜੀਤ ਸਿੰਘ ਚੀਮਾ ਮੁੱਖ ਸਲਾਹਕਾਰ ਮੁੱਖ ਮੰਤਰੀ ਪੰਜਾਬ, ਚੌਧਰੀ ਮੋਹਨ ਲਾਲ ਹਲਕਾ ਵਿਧਾਇਕ ਬੰਗਾ, ਜਤਿੰਦਰ ਸਿੰਘ ਕਰੀਹਾ, ਚੌਧਰੀ ਨੰਦ ਲਾਲ ਮੁੱਖ ਪਾਰਲੀਮਾਨੀ ਸਕੱਤਰ ਗੁਰਕੀਰਤ ਕ੍ਰਿਪਾਲ ਸਿੰਘ ਡਿਪਟੀ ਕਮਿਸਨਰ, ਸ੍ਰੀ ਰਾਕੇਸ਼ ਅੱਗਰਵਾਲ ਐੱਸ.ਐੱਸ.ਪੀ. ਬੁੱਧ ਸਿੰਘ ਬਲਾਕੀਪੁਰ ਚੇਅਰਮੈਨ ਮਾਰਕੀਟ ਕਮੇਟੀ ਬੰਗਾ, ਸੰਤੋਖ ਸਿੰਘ ਮੱਲ੍ਹਾ ਮੈਂਬਰ ਜਨਰਲ ਕੌਂਸਲ, ਹਰਜਗਦੀਸ਼ ਸਿੰਘ ਮਾਨ ਪ੍ਰਧਾਨ ਸ਼ਹਿਰੀ ਅਕਾਲੀ ਦਲ ਬਾਦਲ, ਸ੍ਰੀ ਜਗਦੀਸ਼ ਮਹਿਮੀ ਸਰਪੰਚ ਬਹਿਰਾਮ, ਮਹਿੰਦਰ ਸਿੰਘ ਹੁਸੈਨਪੁਰ ਜ਼ਿਲ੍ਹਾ ਪ੍ਰਧਾਨ ਅਕਾਲੀ ਦਲ, ਭੁੰਮਣ ਸਿੰਘ ਸਰੰਪਚ ਸੰਧਵਾਂ, ਸ੍ਰੀਮਤੀ ਸੁਦੇਸ਼ ਕੁਮਾਰੀ ਜ਼ਿਲ੍ਹਾ ਪ੍ਰਧਾਨ ਭਾਰਤੀ ਜਨਤਾ ਪਾਰਟੀ ਰਣਜੀਤ ਸਿੰਘ ਝਿੰਗੜ, ਸਤਿੰਦਰ ਕੌਰ ਬੀਸਲਾ ਜ਼ਿਲ੍ਹਾ ਪ੍ਰਧਾਨ ਇਸਤਰੀ ਵਿੰਗ, ਅਕਾਲੀ ਦਲ (ਬ) ਮਨਜੀਤ ਸਿੰਘ ਬੱਬਲ, ਬਲਿਹਾਰ ਸਿੰਘ ਆਦਿ ਹਾਜ਼ਰ ਸਨ।

ਬਾਰ ਐਸੋਸੀਏਸ਼ਨ ਖਰੜ ਦੇ ਨਵੇਂ ਪ੍ਰਧਾਨ ਰਛਪਾਲ ਸਿੰਘ ਵੱਲੋਂ ਆਪਣਾ ਅਹੁਦਾ ਸੰਭਾਲਣ ਦੇ ਮੌਕੇ ਆਯੋਜਿਤ ਮੀਟਿੰਗ ਦਾ ਦ੍ਰਿਸ਼, ਨਾਲ ਹਨ ਨਵੇਂ ਨਿਯੁਕਤ ਪ੍ਰਧਾਨ ਅਤੇ ਤਿੰਨੋ ਜੱਜ ਸਾਹਿਬਾਨ ਬੈਠੇ ਹਨ।

ਰਛਪਾਲ ਸਿੰਘ ਨੇ ਅਹੁਦਾ ਸੰਭਾਲਿਆ

ਖਰੜ 28, ਜਨਵਰੀ (ਪ.ਪ.)- ਬਾਰ ਐਸੋਸੀਏਸ਼ਨ ਖਰੜ ਦੇ ਰਛਪਾਲ ਸਿੰਘ ਐਡਵੋਕੇਟ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ ਹਨ। ਅੱਜ ਉਨ੍ਹਾਂ ਨੇ ਆਪਣੇ ਆਹੁੰਦੇ ਦਾ ਚਾਰਜ਼ ਸੰਭਾਲ ਲਿਆ ਹੈ। ਇਸ ਮੌਕੇ ਤੇ ਬਾਰ ਐਸੋਸੀਏਸ਼ਨ ਦੇ ਸਾਰੇ ਮੈਂਬਰ ਅਤੇ ਖਰੜ ਦੇ ਵਿੱਚ ਨਿਯੁਕਤ ਤਿੰਨੋ ਜੱਜ ਸਾਹਿਬਾਨ ਮੌਜੂਦ ਸਨ । ਇਸ ਤੋਂ ਇਲਾਵਾ ਰਵਿੰਦਰ ਸਿੰਘ ਬਾਰ ਐਸੋਸੀਏਸ਼ਨ ਦੇ ਸਕੱਤਰ ਅਤੇ ਦੀਪਕ ਸ਼ਰਮਾ ਉਪ ਪ੍ਰਧਾਨ ਚੁਣੇ ਗਏ ਹਨ।

ਪ੍ਰਕਾਸ਼ ਦਿਵਸ 30 ਨੂੰ

ਨੂਰਪੁਰ ਬੇਦੀ, 28 ਜਨਵਰੀ (ਪੱਤਰ ਪ੍ਰੇਰਕ)-ਨਜ਼ਦੀਕੀ ਪਿੰਡ ਉਪਰਲੀ (ਨਲਹੋਟੀ) ਵਿਖੇ ਹਰ ਸਾਲ ਦੀ ਤਰ੍ਹਾਂ ਭਗਤ ਰਵੀਦਾਸ ਮੰਦਰ ਵਿਖੇ ਪਿੰਡ ਦੇ ਸਹਿਯੋਗ ਨਾਲ ਭਗਤ ਰਵੀਦਾਸ ਜੀ ਦਾ ਜਨਮ ਦਿਨ ਬੜੇ ਹੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਸਭ ਤੋਂ ਪਹਿਲਾਂ ਅਖੰਡ ਪਾਠ ਸਾਹਿਬ 28 ਜਨਵਰੀ ਦਿਨ ਵੀਰਵਾਰ ਨੂੰ ਆਰੰਭ ਹੋਣਗੇ ਤੇ 30 ਜਨਵਰੀ ਦਿਨ ਸ਼ਨੀਵਾਰ ਨੂੰ ਭੋਗ ਪਾਏ ਜਾਣਗੇ। ਇਸ ਮੌਕੇ ਝੰਡੇ ਦੀ ਰਸਮ ਦਿਨ ਵੇਲੇ ਲਾਲਾ ਤੀਰਥ ਰਾਮ ਨਵਾਂ ਸ਼ਹਿਰ ਅਤੇ ਹਰਪ੍ਰੀਤ ਸਿੰਘ ਕਾਹਲੋਂ ਮੈਨੇਜਿੰਗ ਡਾਇਰੈਕਟਰ ਕਾਹਲੋਂ ਫਿਲਿੰਗ ਸਟੇਸ਼ਨ ਵਾਲੇ ਸਵੇਰੇ 10 ਵਜੇ ਅਦਾ ਕਰਨਗੇ। ਉਕਤ ਪ੍ਰੋਗਰਾਮ ਵਿੱਚ ਰਵੀਦਾਸ ਨਾਟਕ (ਡਰਾਮਾ) ਵੀ ਹੋਵੇਗਾ, ਜਿਸ ਦਾ ਉਦਘਾਟਨ ਸਿਮਰਨਜੀਤ ਕੌਰ ਚੇਅਰਪਰਸਨ ਸ਼ਿਕਾਇਤ ਨਿਵਾਰਨ ਕਮੇਟੀ ਰੂਪਨਗਰ ਤੇ ਯੂਥ ਕਾਂਗਰਸ ਦੀ ਜ਼ਿਲ੍ਹਾ ਡੈਲੀਗੇਟ ਆਪਣੇ ਕਰ ਕਮਲਾਂ ਨਾਲ ਕਰਨਗੇ। ਇਹ ਜਾਣਕਾਰੀ ਕਮੇਟੀ ਮੈਂਬਰ ਜਗਤਾਰ ਜੱਗੀ ਤੇ ਡਾ. ਮਨੋਜ ਰਾਣਾ ਤੇ ਰਣਜੀਤ ਸਿੰਘ ਨੇ ਦਿੱਤੀ।

ਲੋਕ ਸੰਪਰਕ ਮੰਤਰੀ ਪੰਜਾਬ ਸ. ਸੇਵਾ ਸਿੰਘ ਸੇਖਵਾਂ ਦਾ ਗੁਰਦੁਆਰਾ ਪਾਤਸ਼ਾਹੀ ਧਨੌਲਾ ਵਿਖੇ ਪਹੁੰਚਣ 'ਤੇ ਸ੍ਰੀ ਸਾਹਿਬ ਤੇ ਲੋਈ ਦੇ ਕੇ ਸਨਮਾਨਿਤ ਕਰਦੇ ਹੋਏ ਸੰਤ ਟੇਕ ਸਿੰਘ ਧਨੌਲਾ। ਫੋਟੋ: ਦਰਸ਼ਨ ਸਿੰਘ ਬੰਗੜ

ਵਧਦੀ ਮਹਿੰਗਾਈ ਲਈ ਕਾਂਗਰਸ ਜ਼ਿੰਮੇਵਾਰ-ਟੇਕ ਸਿੰਘ

ਧਨੌਲਾ, 28 ਜਨਵਰੀ (ਦਰਸ਼ਨ ਸਿੰਘ ਬੰਗੜ੍ਹ): ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਸ. ਸੇਵਾ ਸਿੰਘ ਸੇਖਵਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿਗ ਕਮੇਟੀ ਮੈਂਬਰ ਸੰਤ ਬਾਬਾ ਟੇਕ ਸਿੰਘ ਧਨੌਲਾ ਦੇ ਵਿਸ਼ੇਸ਼ ਸੱਦੇ 'ਤੇ ਸਥਾਨਕ ਗੁਰਦੁਆਰਾ ਪਾਤ ਸ਼ਾਹੀ ਨੌਂਵੀਂ ਵਿਖੇ ਪਹੁੰਚਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਦੋਂ ਕੇਂਦਰ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਆਉਦੀ ਹੈ ਉਹ ਮਹਿੰਗਾਈ ਨੂੰ ਵੀ ਨਾਲ ਲੈ ਕੇ ਆਉਦੀ ਹੈ ਇਸ ਲਈ "ਮਹਿੰਗਾਈ 'ਤੇ ਕਾਂਗਰਸ ਦੋਵੇਂ ਸਕੀਆਂ ਭੈਣਾਂ ਹਨ"। ਉਨ੍ਹਾਂ ਕਿਹਾ ਕਿ ਕੇਂਦਰ ਵਿਚ ਜਦੋਂ ਅਟੱਲ ਬਿਹਾਰੀ ਵਾਜਪਾਈ ਦੀ ਸਰਕਾਰ ਸੀ ਉਦੋਂ ਮਹਿੰਗਾਈ ਵਿਚ ਕਦੇ ਵੀ ਵਾਧਾ ਨਹੀਂ ਹੋਇਆ। ਸ. ਸੇਖਵਾਂ ਨੇ ਕਿਹਾ ਕਿ ਕੇਂਦਰੀ ਮੰਤਰੀ ਸ੍ਰੀ ਸ਼ਰਦ ਪਵਾਰ ਵਲੋਂ ਜ਼ਰੂਰੀ ਵਸਤੂਆਂ ਦੀਆਂ ਅਸਮਾਨ ਨੂੰ ਛੋਹ ਰਹੀਆਂ ਕੀਮਤਾਂ ਲਈ ਜ਼ਿੰਮੇਵਾਰੀ ਦੇ ਦਿੱਤੇ ਬਿਆਨ ਤੋਂ ਇਹ ਸਿੱਧ ਹੋ ਗਿਆ ਹੈ ਕਿ ਦੇਸ਼ ਵਾਸੀਆਂ ਦਾ ਕਚੂਮਰ ਕੱਢ ਰਹੀਂ ਮਹਿੰਗਾਈ ਲਈ ਕੋਈ ਹੋਰ ਨਹੀਂ ਬਲਕਿ ਕੇਂਦਰ ਦੀ ਯੂ.ਪੀ.ਏ. ਸਰਕਾਰ ਹੀ ਜ਼ਿੰਮੇਵਾਰ ਹੈ।

ਭਗਤ ਰਵਿਦਾਸ ਜੀ ਦੇ ਪ੍ਰਗਟ ਦਿਵਸ ਸੰਬੰਧੀ ਨਗਰ ਕੀਰਤਨ ਅੱਜ

ਹੁਸ਼ਿਆਰਪੁਰ, 28 ਜਨਵਰੀ (ਕੁਲਦੀਪ ਸਿੰਘ ਪੱਟੀ)-ਭਗਤ ਰਵਿਦਾਸ ਜੀ ਦੇ ਜਨਮ ਦਿਨ ਸੰਬੰਧੀ ਹੁਸ਼ਿਆਰਪੁਰ ਦੀਆਂ ਸਮੂਹ ਰਵੀਦਾਸ ਜਥੇਬੰਦੀਆਂ ਵੱਲੋਂ 29 ਜਨਵਰੀ ਨੂੰ ਸ਼ਾਨਦਾਰ ਨਗਰ ਕੀਰਤਨ ਕੱਢਿਆ ਜਾਵੇਗਾ। ਇਸੇ ਸੰਬੰਧ ਵਿੱਚ ਬਹਾਦਰਪੁਰ ਦੀ ਰਵੀਦਾਸ ਮੰਦਰ ਸਭਾ ਵੱਲੋਂ ਵੀ ਕੇ.ਸੀ. ਪ੍ਰਤਾਪ ਦੀ ਅਗਵਾਈ ਵਿੱਚ ਸੰਗਤ ਵੱਲੋਂ ਪ੍ਰਭਾਤ ਫੇਰੀਆਂ ਵੀ ਕੱਢੀਆਂ ਜਾ ਰਹੀਆਂ ਹਨ।

ਡਾਕਖਾਨੇ ਤੋਂ ਵਿਆਜ ਖੁਣੋਂ ਖਾਤੇਦਾਰ ਬੇਹੱਦ ਦੁਖੀ

ਹੁਸ਼ਿਆਰਪੁਰ, 28 ਜਨਵਰੀ (ਕੁਲਦੀਪ ਸਿੰਘ ਪੱਟੀ)-ਹੁਸ਼ਿਆਰਪੁਰ ਵਿਖੇ ਵੱਖ-ਵੱਖ ਡਾਕਘਰਾਂ ਦੇ ਖਾਤਾਕਾਰ ਬੇਹੱਦ ਪ੍ਰੇਸ਼ਾਨ ਹਨ ਕਿ ਉਨ੍ਹਾਂ ਨੂੰ ਪਿਛਲੇ ਮਾਲੀ ਸਾਲ ਦਾ ਡਾਕਘਰਾਂ ਵਿੱਚ ਜਮ੍ਹਾ ਰਾਸ਼ੀ ਦਾ ਵਿਆਜ ਅਜੇ ਤੱਕ ਨਹੀਂ ਮਿਲਿਆ, ਜਿਸ ਕਾਰਨ ਖਾਤੇਦਾਰ ਮਹਿੰਗਾਈ ਵਿੱਚ ਦੁੱਖੀ ਹਨ। ਪੱਤਰਕਾਰਾਂ ਵੱਲੋਂ ਡਾਕਖਾਨਾ ਅਧਿਕਾਰੀਆਂ ਨਾਲ ਸੰਪਰਕ ਕਰਨ 'ਤੇ ਪਤਾ ਲੱਗਾ ਕਿ ਸਟਾਫ ਦੀ ਘਾਟ ਕਾਰਨ ਵਿਆਜ ਸੂਚੀਆਂ ਕੰਪਿਊਟਰ ਤੇ ਤਿਆਰ ਕਰਨ ਵਿੱਚ ਦੇਰੀ ਹੋਈ ਹੈ। ਡਾਕਘਰ ਦੇ ਅਨੇਕਾਂ ਬਜ਼ੁਰਗ ਤੇ ਬੀਬੀਆਂ ਖਾਤਾਕਾਰਾਂ ਨਾਲ ਕਈ ਡਾਕਘਰਾਂ ਦੇ ਕਲਰਕਾਂ ਤੇ ਹੋਰ ਲੋਕ ਅਮਲੇ ਦਾ ਵਤੀਰਾ ਵੀ ਠੀਕ ਨਾ ਹੋਣ ਕਰਕੇ ਲੋਕ ਸ਼ਿਕਾਇਤਾਂ ਵਧ ਰਹੀਆਂ ਹਨ।

ਮੋਬਾਇਲਾਂ ਦੀ ਦੁਕਾਨ 'ਚ ਚੋਰੀ

ਨਾਭਾ, 28 ਜਨਵਰੀ (ਰਾਜਿੰਦਰ ਸਿੰਘ ਕਪੂਰ)-ਸਥਾਨਿਕ ਬੋੜਾਂ ਗੇਟ ਸਥਿਤ ਇੱਕ ਮੋਬਾਇਲਾਂ ਦੀ ਦੁਕਾਨ ਵਿੱਚੋਂ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਦੁਕਾਨ ਦੇ ਮਾਲਕ ਟੋਨੂ (ਨਾਭਾ ਟੈਲੀਕਾਮ) ਨੇ ਪੁਲਿਸ ਵਿੱਚ ਦਰਜ ਕਰਾਈ ਸ਼ਿਕਾਇਤ ਵਿੱਚ ਦੱਸਿਆ ਕਿ ਅਣਪਛਾਤੇ ਚੋਰਾਂ ਨੇ ਦੁਕਾਨ ਦੇ ਸ਼ੈਂਟਰ ਦੇ ਜ਼ਿੰਦਰੇ ਤੋੜ ਕੇ ਕਰੀਬ 10-15 ਹਜ਼ਾਰ ਰੁਪਏ ਦੇ ਮੋਬਾਇਲ ਅਤੇ ਹੋਰ ਸਾਮਾਨ ਚੋਰੀ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਨਾਭਾ ਸ਼ਹਿਰ ਵਿੱਚ ਬੀਤੇ ਕੁਝ ਦਿਨਾਂ ਤੋਂ ਚੋਰੀਆਂ ਦੀਆਂ ਵਧ ਰਹੀਆਂ ਵਾਰਦਾਤਾਂ ਕਾਰਨ ਲੋਕਾਂ ਵਿੱਚ ਭਾਰੀ ਸਹਿਮ ਅਤੇ ਭੈਅ ਬਣਿਆ ਹੋਇਆ ਹੈ।

ਬਾਬਾ ਦੀਪ ਸਿੰਘ ਜੀ ਦਾ ਜਨਮ ਦਿਨ ਸ਼ਰਧਾ ਨਾਲ ਮਨਾਇਆ

ਹੁਸ਼ਿਆਰਪੁਰ, 28 ਜਨਵਰੀ (ਕੁਲਦੀਪ ਸਿੰਘ ਪੱਟੀ)-ਸੰਤ ਬਾਬਾ ਰਣਜੀਤ ਸਿੰਘ ਸੰਚਾਲਕ ਗੁਰਦੁਆਰਾ ਸ਼ਹੀਦਾਂ ਡਗਾਣਾ ਰੋਡ ਹੁਸ਼ਿਆਰਪੁਰ ਵਿਖੇ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਨ ਸਿੱਖੀ ਸ਼ਰਧਾ ਨਾਲ ਮਨਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਸ਼ਰਧਾਲੂ ਸ਼ਾਮਲ ਹੋਏ। ਇਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਤੀਕਸ਼ਣ ਸੂਦ ਨੇ ਬਾਬਾ ਰਣਜੀਤ ਸਿੰਘ ਨੂੰ ਗੁਰਦੁਆਰਾ ਵਿਖੇ ਪੰਜਾਬ ਸਰਕਾਰ ਦੇ ਰੈਡ ਕਰਾਸ ਦੇ ਮਾਣ ਪੱਤਰ ਵੀ ਭੇਟ ਕੀਤਾ। ਸ੍ਰੀ ਸੂਦ ਨੇ ਸੰਬੋਧਨ ਵਿੱਚ ਬਾਬਾ ਦੀਪ ਸਿੰਘ ਦਾ ਸਿੱਖ ਇਤਿਹਾਸ ਵਿੱਚ ਮਹੱਤਤਾ ਤੇ ਚਾਨਣਾ ਪਾਇਆ ਤੇ ਕਿਹਾ ਕਿ ਬਾਬਾ ਰਣਜੀਤ ਸਿੰਘ ਸਿੱਖ ਸਮਾਜ ਦੀ ਸਹੀ ਸੇਵਾ ਕਰ ਰਹੇ ਹਨ। ਧਾਰਮਿਕ ਸਮਾਰੋਹ ਵਿੱਚ ਸਿੱਖ ਵੈੱਲਫੇਅਰ ਸੁਸਾਇਟੀ ਹੁਸ਼ਿਆਰਪੁਰ ਦੀ ਪ੍ਰਧਾਨ ਅਜਵਿੰਦਰ ਸਿੰਘ ਸੈਣੀ ਨੇ ਸੰਗਤ ਲਈ ਇੱਕ ਵੈਨ ਵਾਸਤੇ 50 ਹਜ਼ਾਰ ਰੁਪਏ ਬਾਬਾ ਰਣਜੀਤ ਸਿੰਘ ਨੂੰ ਸੌਂਪੇ। ਸ੍. ਸੁਰਿੰਦਰ ਸਿੰਘ ਘੁੱਲੇਵਾਲ ਰਾਠਾਂ ਪ੍ਰਧਾਨ ਅਕਾਲੀ ਦਲ ਬਾਦਲ ਜ਼ਿਲ੍ਹਾ ਹੁਸ਼ਿਆਰਪੁਰ ਨੇ ਇੱਕ ਮੌਕੇ ਨੌਜਵਾਨਾਂ ਵਿੱਚ ਵਧ ਰਹੇ ਪਤਿਤਪੁਣੇ ਤੇ ਚਿੰਤਾ ਪ੍ਰਗਟਾਈ। ਸੰਤ ਸਮਾਜ ਦੇ ਜਨਰਲ ਸਕੱਤਰ ਬਾਬਾ ਪਰਮਜੀਤ ਸਿੰਘ ਮਾਹਿਲਪੁਰੀ ਨੇ ਸੰਬੋਧਨ ਵਿੱਚ ਕਿਹਾ ਕਿ ਬਾਬਾ ਦੀਪ ਸਿੰਘ ਨੂੰ ਸੀਸ ਤਲੀ 'ਤੇ ਰੱਖ ਕੇ ਸਿੱਖ ਧਰਮ ਦੀ ਸੰਘਰਸ਼ੀ ਜੰਗ ਲੜੀ। ਭਾਈ ਹਰਜਿੰਦਰ ਸਿੰਘ ਧਾਮੀ ਮੈਂਬਰ ਸ਼੍ਰੋਮਣੀ ਕਮੇਟੀ, ਸੰਤ ਪ੍ਰਿਤਪਾਲ ਸਿੰਘ ਮਿੱਠਾ ਟਿਵਾਣਾ, ਸੰਤ ਗਿਆਨ ਇੰਦਰ ਮੂਰਥਲ ਹਰਿਆਣਾ ਵਾਲੇ ਅਤੇ ਹੋਰ ਸੰਤ ਸਮਾਜ ਨੇ ਹਾਜ਼ਰੀ ਭਰੀ। ਕੀਰਤਨੀ ਜਥਿਆਂ ਤੇ ਢਾਡੀ ਜਥਿਆਂ ਨੇ ਵਾਰਾ ਸੁਣਾਈਆਂ। ਬਾਬਾ ਦੀਪ ਸਿੰਘ ਦੇ ਫੋਟੋ ਚਿੰਨ੍ਹ ਤੇ ਸਿਰੋਪੇ ਦੇ ਕੇ ਪਤਵੰਤੇ ਸਨਮਾਨੇ ਗਏ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਮਹੰਤ ਵੱਲੋਂ ਖੁਦਕੁਸ਼ੀ

ਨਾਭਾ, 28 ਜਨਵਰੀ (ਰਾਜਿੰਦਰ ਸਿੰਘ ਕਪੂਰ)-ਨਾਭਾ ਨੇੜਲੇ ਪਿੰਡ ਥੂਹੀ ਦੇ ਇੱਕ ਡੇਰੇ ਦੇ ਮਹੰਤ ਵੱਲੋਂ ਰੇਲ ਗੱਡੀ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਪਿੰਡ ਥੂਹੀ ਵਿਖੇ ਬਣੇ ਇੱਕ ਡੇਰੇ ਦੇ ਮਹੰਤ ਚਰਨ ਦਾਸ ਵੱਲੋਂ ਪਿੰਡ ਕੱਲਰਮਾਜਰੀ ਅਤੇ ਪਿੰਡ ਮਹੱਸ ਦਰਮਿਆਨ ਦਿਮਾਗੀ ਪ੍ਰੇਸ਼ਾਨੀ ਦੇ ਚੱਲਦਿਆਂ ਰੇਲ ਗੱਡੀ ਅੱਗੇ ਥਾਲ ਮਾਰ ਕੇ ਆਪਣੇ ਜੀਵਨ ਲੀਲ੍ਹਾ ਸਮਾਪਤ ਕਰ ਲਈ। ਮਹੰਤ ਦੀ ਲਾਸ਼ ਦਾ ਪੋਸਟ ਮਾਰਟਮ ਕਰਵਾ ਕੇ ਡੇਰੇ ਦੀ ਪ੍ਰਬੰਧਕ ਕਮੇਟੀ ਹਵਾਲੇ ਕਰ ਦਿੱਤੀ ਗਈ ਹੈ। ਰੇਲਵੇ ਚੌਕੀ ਦੇ ਇੰਚਾਰਜ ਏ.ਐੱਸ.ਆਈ. ਬਲਦੇਵ ਸਿੰਘ ਨੇ ਧਾਰਾ 174 ਤਹਿਤ ਮਾਮਲਾ ਦਰਜ ਕਰ ਲਿਆ ਹੈ। ਇੱਥੇ ਜ਼ਿਕਰਯੋਗ ਹੈ ਕਿ ਪਿੰਡ ਥੂਹੀ ਵਿਖੇ ਸਥਿਤ ਡੇਰਾ ਜੱਥ ਵਿਖੇ ਬਾਬਾ ਬਿਸ਼ਨ ਦਾਸ ਦੀ ਬਰਸੀ ਸੰਬੰਧੀ ਸੱਤ ਦਿਨਾਂ ਦਾ ਸਮਾਗਮ ਵੀ ਚੱਲ ਰਿਹਾ ਸੀ, ਇਸ ਦੌਰਾਨ ਹੀ ਇਹ ਹਾਦਸਾ ਵਾਪਰ ਗਿਆ।

ਪੜ੍ਹੋ-ਪੰਜਾਬ ਪ੍ਰੋਜੈਕਟ 'ਚ ਪੰਜਾਬ ਭਰ 'ਚੋਂ ਨਾਮਣਾ ਕਮਾਉਣ ਵਾਲੇ ਅਧਿਆਪਕਾਂ ਨੂੰ ਸਨਮਾਨਿਆ

ਬਲਾਚੌਰ, 28 ਜਨਵਰੀ (ਪੱਤਰ ਪ੍ਰੇਰਕ)- ਡਾਇਰੈਕਟਰ ਜਨਰਲ ਸਿੱਖਿਆ ਵਿਭਾਗ ਪੰਜਾਬ ਸ੍ਰੀ ਕ੍ਰਿਸ਼ਨ ਕੁਮਾਰ ਵਲੋਂ ਪੜ੍ਹੋ-ਪੰਜਾਬ ਮੁਹਿੰਮ ਪੰਜਾਬ ਦੇ ਸਕੂਲਾਂ ਵਿੱਚ ਚਲਾ ਕੇ ਜਿੱਥੇ ਵਿੱਦਿਆ ਦਾ ਮਿਆਰ ਉੱਚਾ ਕੀਤਾ ਹੈ ਉੱਥੇ ਸ਼ਹੀਦ ਭਗਤ ਸਿੰਘ ਨਗਰ ਦੇ ਅਧਿਆਪਕਾਂ ਵਲੋਂ ਪੂਰੀ ਤਨਹੇਦੀ ਨਾਲ ਸਕੂਲਾਂ ਵਿਚ ਪੜ੍ਹਾ ਕੇ ਪੜ੍ਹੋ ਪੰਜਾਬ ਮੁਹਿੰਮ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਜਿਸ ਸਦਕਾ ਬਲਾਚੌਰ ਦੇ ਉਪ ਮੰਡਲ ਮੈਜਿਸਟਰੇਟ ਸ੍ਰੀ ਪ੍ਰਦੀਪ ਕੁਮਾਰ ਅਗਰਵਾਲ ਆਈ.ਏ.ਐਸ. ਨੇ ਬਲਾਕ ਬਲਾਚੌਰ-1 ਅਤੇ ਬਲਾਚੌਰ-2 ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਬਲਵੀਰ ਸਿੰਘ ਖਾਨਪੁਰਾ ਅਤੇ ਗੁਰਨਾਮ ਸਿੰਘ ਤੋਂ ਇਲਾਵਾ ਸਰਕਾਰ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੇ ਲੈਕਚਰਾਰ ਚਰਨ ਸਿੰਘ, ਰਜਨੀ ਬਾਲਾ ਅਧਿਆਪਕਾ, ਸ੍ਰੀਮਤੀ ਸੱਤਿਆ ਦੇਵੀ ਸੈਂਟਰ ਹੈੱਡ ਟੀਚਰ ਥੋਪੀਆ, ਜੈ ਦੇਵ ਮਗਨ ਹੈੱਡ ਟੀਚਰ ਜੋਗੇਵਾਲ, ਵਰਿੰਦਰ ਕੁਮਾਰ ਸਰਕਾਰੀ ਸੈਕੰਡਰੀ ਸਕੂਲ ਮਹਿੰਦੀਪੁਰ, ਗਿਆਨ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਬਾਗੋਵਾਲ, ਕੁਲਦੀਪ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਔਲੀਆਪੁਰ ਨੂੰ ਵਿੱਦਿਅਕ ਖੇਤਰ ਵਿੱਚ ਸ਼ਲਾਘਾਯੋਗ ਕੰਮ ਕਰਨ ਕਰਕੇ ਸਬ-ਡਵੀਜ਼ਨ ਪੱਧਰ ਤੇ ਹੋਏ ਸਕਰਾਰੀ ਸੈਕੰਡਰੀ ਸਕੂਲ ਮਹਿੰਦੀਪੁਰ ਨੇੜੇ ਤਹਿਸੀਲ ਕੰਪਲੈਕਸ ਵਿਖੇ ਸਮਾਗਮ ਦੌਰਾਨ ਪ੍ਰਸ਼ੰਸਾ ਪੱਤਰ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਅਡੀਸ਼ਨਲ ਸਿਵਲ ਜੱਜ ਸ੍ਰੀ ਵਿਜੇ ਕੁਮਾਰ, ਉਪ ਪੁਲਿਸ ਕਪਤਾਨ ਸ. ਜਗਮੋਹਨ ਸਿੰਘ ਅਤੇ ਨਾਇਬ ਤਹਿਸੀਲਦਾਰ ਸ੍ਰੀ ਧਰਮਿੰਦਰ ਸਿੰਘ ਗਿੱਲ ਵੀ ਮੌਜੂਦ ਸਨ।

ਰਮਾਕਾਂਤ ਸਿੱਖੀ ਖਿਲਾਫ ਲਿਖਣੋ ਬਾਜ਼ ਆਵੇ-ਦਿੱਲੀ ਕਮੇਟੀ

ਨਵੀਂ ਦਿੱਲੀ, 28 ਜਨਵਰੀ (ਜਸਵੰਤ ਸਿੰਘ ਅਜੀਤ)-ਆਰ.ਐੱਸ.ਐੱਸ. ਦੇ ਪ੍ਰਮੁੱਖ ਪ੍ਰਚਾਰਕ ਸ੍ਰੀ ਰਮਾਕਾਂਤ ਤਿਵਾੜੀ ਵੱਲੋਂ ਸਿੱਖ ਧਰਮ ਦੀ ਮਰਿਯਾਦਾ ਅਤੇ ਸਿੱਖਾਂ ਦੇ ਜਗਤ ਜੋਤਿ ਗੁਰੂ ਸ੍ਰੀ ਗ੍ਰੰਥ ਸਾਹਿਬ ਬਾਰੇ ਕੀਤੀਆਂ ਟਿੱਪਣੀਆਂ ਸਿੱਖਾਂ ਦੇ ਧਾਰਮਿਕ ਅਕੀਦੇ ਉਤੇ ਜ਼ਬਰਦਸਤ ਹਮਲਾ ਹੈ, ਜਿਸ ਨੂੰ ਸਿੱਖ ਕੌਮ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ। ਇਹ ਵਿਚਾਰ ਅੱਜ ਇੱਥੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ੍. ਗੁਰਮੀਤ ਸਿੰਘ ਸ਼ੰਟੀ ਨੇ ਪ੍ਰਗਟ ਕਰਦਿਆਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਨੂੰ ਵੀ ਆਰ.ਐੱਸ.ਐੱਸ. ਨੇ ਆਪਣੇ ਸਾਥੀਆਂ ਬਾਦਲਾਂ ਦੁਆਰਾ ਜਿਸ ਢੰਗ ਨਾਲ ਖਤਮ ਕਰਵਾਇਆ ਹੈ, ਉਸ ਦੀ ਅਸਲੀਅਤ ਵੀ ਸਿੱਖਾਂ ਨੂੰ ਹਿੰਦੂ ਦੱਸਣ ਦਾ ਮਕਸਦ ਹੀ ਸੀ। ਜਿਸ ਦੀ ਸਚਾਈ 2003 ਵਿੱਚ ਅਸਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਦਾ ਹੁਕਮਨਾਮਾ ਜਾਰੀ ਕਰਨ ਵਾਲੇ ਸਿੰਘ ਸਾਹਿਬ ਵੇਦਾਂਤੀ ਦੇ ਬਿਆਨ ਨੇ ਸਪੱਸ਼ਟ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਰ.ਐੱਸ.ਐੱਸ. ਦੀ ਹੱਦੋਂ ਵੱਧ ਕੂਟਨੀਤੀ ਸਾਰੀਆਂ ਘੱਟ ਗਿਣਤੀਆਂ ਲਈ ਖਤਰਾ ਬਣ ਗਈ ਹੈ, ਜੋ ਦੇਸ਼ ਦੀ ਏਕਤਾ ਅਖੰਡਤਾ ਲਈ ਵੀ ਘਾਤਕ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍. ਪਰਮਜੀਤ ਸਿੰਘ ਸਰਨਾ ਦੀ ਯੋਗ ਲੀਡਰਸ਼ਿਪ ਹੇਠ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਨਕਸ਼ਾਹੀ ਕੈਲੰਡਰ, ਜਿਸ ਨੂੰ 2003 ਵਿੱਚ ਅਕਾਲ ਤਖਤ ਸਾਹਿਬ ਤੋਂ ਜਾਰੀ ਕੀਤਾ ਗਿਆ ਸੀ, ਉਸ ਉੱਤੇ ਸਮੁੱਚੀ ਕੌਮ ਨੂੰ ਲਾਗੂ ਰੱਖਣ ਲਈ ਪੂਰੀ ਤਰ੍ਹਾਂ ਕਾਇਮ ਹੈ ਅਤੇ ਉਸ ਅਸਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਮਾਨਤਾ ਦਿੰਦੀ ਹੈ। ਸਮੁੱਚੀ ਸਿੱਖ ਕੌਮ ਲਈ ਇਹ ਖੁਸ਼ਕਿਸਮਤੀ ਹੈ ਕਿ ਸ੍. ਸਰਨਾ ਨੇ ਗੁਰਮਤਿ ਸਿਧਾਂਤਾਂ 'ਤੇ ਪਹਿਰਾ ਦੇਣ ਵਾਲੇ ਪਰਪੱਕ ਆਗੂ ਹਨ, ਦੀ ਅਗਵਾਈ ਮਿਲੀ ਹੋਈ ਹੈ, ਜਿਨ੍ਹਾਂ ਨੇ ਗੁਰਮਤਿ ਅਸੂਲਾਂ 'ਤੇ ਕਾਇਮ ਰਹਿ ਕੇ ਸਿੱਖ ਵਿਰੋਧੀਆਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਹੈ ਅਤੇ ਇਸੇ ਕਾਰਨ ਹੀ ਸਮੁੱਚੀ ਕੌਮ ਨੂੰ ਇੱਕ ਆਸ ਬਣੀ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥਕ ਦੋਖੀਆਂ ਦੀਆਂ ਚਾਲਾਂ ਨੂੰ ਕਦੇ ਵੀ ਸਫਲ ਨਹੀਂ ਹੋਣ ਦੇਵੇਗੀ। ਰਮਾਕਾਂਤ ਤਿਵਾੜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਮੁਸਲਮ ਭਗਤਾਂ ਦੀ ਬਾਣੀ ਕੱਢ ਦੇਣ ਵਰਗੇ ਵਿਚਾਰ ਪ੍ਰਗਟਾ ਕੇ ਸਾਡੇ ਧਰਮ ਦੇ ਮਾਨਵਤਾਵਾਦੀ ਅਤੇ ਇੱਕ ਈਸ਼ਵਰ ਦੇ ਸਿਧਾਂਤ ਤੇ ਵੀ ਹਮਲਾ ਕੀਤਾ ਹੈ ਅਤੇ ਉਸ ਨੇ ਸਿੱਧਾ ਔਰੰਗਜ਼ੇਬ ਦੀ ਕੱਟੜਵਾਦੀ ਨੀਤੀ ਨੂੰ ਅਪਣਾਉਂਦੇ ਹੋਏ ਜੁਝਾਰੂ ਸਿੱਖ ਕੌਮ ਤੇ ਬਹੁਤ ਵੱਡਾ ਵਾਰ ਕੀਤਾ ਹੈ। ਇਸ ਲਈ ਉਸ ਦੇ ਅਕਾਵਾਂ ਨੂੰ ਤੁਰੰਤ ਉਸ ਵਿਰੁੱਧ ਸਖਤ ਕਾਰਵਾਈ ਕਰਨੀ ਚਾਹੀਦੀ ਹੈ, ਨਹੀਂ ਤਾਂ ਹਿੰਦੂ ਸਿੱਖਾਂ ਵਿੱਚ ਵਖਰੇਵਾਂ ਵੱਧ ਜਾਵੇਗਾ। ਜੋ ਦੇਸ਼ ਲਈ ਵੀ ਚੰਗਾ ਨਹੀਂ ਸਾਬਤ ਹੋਵੇਗਾ। ਸਿੱਖ ਧਰਮ ਹਰ ਧਾਰਮਿਕ ਵਿਅਕਤੀ ਨੂੰ ਉਸ ਦੇ ਆਪਣੇ ਧਰਮ ਵਿੱਚ ਪੱਕੇ ਰਹਿਣ ਦੀ ਹੀ ਪ੍ਰੇਰਨਾ ਕਰਦਾ ਹੈ, ਇਸੇ ਲਈ ਸਿੱਖ ਕਦੇ ਵੀ ਕਿਸੇ ਦੇ ਧਾਰਮਿਕ ਭਰੋਸੇ ਵਿੱਚ ਕੋਈ ਦਖਲ ਨਹੀਂ ਦਿੰਦਾ। ਹਰ ਹਿੰਦੂ ਚੰਗਾ ਹਿੰਦੂ ਹੋਣਾ ਚਾਹੀਦਾ ਹੈ, ਹਰ ਮੁਸਲਮਾਨ ਇੱਕ ਚੰਗਾ ਮੁਸਲਮਾਨ ਅਤੇ ਹਰ ਸਿੱਖ ਇੱਕ ਚੰਗਾ ਸਿੱਖ ਹੋਣਾ ਚਾਹੀਦਾ ਹੈ। ਇਸ ਏਕਤਾ ਨਾਲ ਹੀ ਮਨੁੱਖਤਾ ਦਾ ਭਲਾ ਹੋ ਸਕਦਾ ਹੈ। ਕੱਟੜਵਾਦੀ ਵਿਚਾਰ ਹਮੇਸ਼ਾ ਕੌਮਾਂ ਤੇ ਦੇਸ਼ਾਂ ਲਈ ਨੁਕਸਾਨਦਾਇਕ ਸਾਬਤ ਹੁੰਦੇ ਹਨ।

ਗਣਤੰਤਰ ਦਿਵਸ ਦੇ ਸ਼ੁਭ ਦਿਹਾੜੇ 'ਤੇ ਲੱਖ-ਲੱਖ ਵਧਾਈ

Regd. No. 232152
Payel

Prince

Mfrs. & Exporters: Hawai Rubber Chappals and Eva Footwear.

1-12, Dada Colony, Industrial Area,

JALANDHAR-144004 (Pb.) India.

ਖੇਡਾਂ ਅਤੇ ਖਿਡਾਰੀਆਂ ਦਾ ਭਵਿੱਖ ਰੌਸ਼ਨ ਕਰਨ ਨੂੰ ਸਮਰਪਿਤ ਹੈ ਗੁਰੂ ਨਾਨਕ 'ਵਰਸਿਟੀ ਦੀ ਸਪੋਰਟਸ ਮੈੱਸ

ਜਲੰਧਰ, 28 ਜਨਵਰੀ (ਹਰਪ੍ਰੀਤ ਸਿੰਘ ਲੇਹਿਲ)- ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਦੇਸ਼ ਵਿਚ ਕੌਮੀ ਪੱਧਰ 'ਤੇ ਹੋਣ ਵਾਲੀਆਂ ਅਨੇਕਾਂ ਖੇਡਾਂ ਵਿਚ ਨਾਂ ਪ੍ਰਾਪਤੀਆਂ ਦੀ ਲਿਸਟ ਵਿਚ ਸੁਨਿਹਰੀ ਅੱਖਰਾਂ ਵਿਚ ਲਿਖਿਆ ਹੋਇਆ ਹੈ। ਯੂਨੀਵਰਸਿਟੀ ਦੀਆਂ ਖੇਡਾਂ ਵਿੱਚ ਇਨ੍ਹਾਂ ਪ੍ਰਾਪਤੀਆਂ ਪਿੱਛੇ ਵਧੀਆ ਖੇਡ ਨੀਤੀਆਂ, ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਵਾਲਾ ਮਾਹੌਲ ਜਿੱਥੇ ਮਦਦਗਾਰ ਹੋ ਰਿਹਾ ਹੈ, ਉਸ ਦੇ ਨਾਲ ਹੀ ਯੂਨੀਵਰਸਿਟੀ ਦੀ ਸਪੋਰਟਸ ਮੈੱਸ ਦਾ ਵੀ ਇਨ੍ਹਾਂ ਪ੍ਰਾਪਤੀਆਂ ਪਿੱਛੇ ਮਜ਼ਬੂਤ ਹੱਥ ਹੈ। ਇਸ ਸਪੋਰਟਸ ਮੈੱਸ ਵਿੱਚ ਖਿਡਾਰੀਆਂ ਨੂੰ ਘਰ ਵਾਂਗ ਖਾਣਾ ਅਤੇ ਖੁਰਾਕ ਮੁਹੱਈਆ ਕਰਵਾਈ ਜਾਂਦੀ ਹੈ। ਵੱਖ-ਵੱਖ ਖੇਡ ਵਿੰਗਾਂ ਅਤੇ ਸਕੂਲਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਤੱਕ ਦਾ ਜਾਇਜ਼ਾ ਲੈਣ ਉਪਰੰਤ ਅਤੇ ਵੱਖ-ਵੱਖ ਖਿਡਾਰੀਆਂ ਦੇ ਵਿਚਾਰ ਜਾਨਣ ਉਪਰੰਤ ਇਹ ਗੱਲ ਸਪੱਸ਼ਟ ਹੋਈ ਹੈ ਕਿ ਜੋ ਸ਼ੁੱਧ ਖੁਰਾਕ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਖਿਡਾਰੀਆਂ ਨੂੰ ਮੁਹੱਈਆ ਕਰਵਾਈ ਜਾਂਦੀ ਹੈ ਅਜਿਹੀ ਕੁਆਲਿਟੀ ਹੋਰ ਕਿਸੇ ਵੀ ਸਪੋਰਟਸ ਮੈੱਸ ਵਿੱਚ ਉਪਲੱਬਧ ਨਹੀਂ ਹੈ। ਇਸ ਮੈੱਸ ਤੋਂ ਯੂਨੀਵਰਸਿਟੀ ਦਾ ਹਰ ਖਿਡਾਰੀ ਤਾਂ ਪੂਰੀ ਤਰ੍ਹਾਂ ਸੰਤੁਸ਼ਟ ਹੈ ਹੀ, ਇਸ ਦੇ ਨਾਲ ਹੀ ਸਮੇਂ-ਸਮੇਂ ਯੂਨੀਵਰਸਿਟੀ ਵਿਚ ਲੱਗਣ ਵਾਲੇ ਵੱਖ-ਵੱਖ ਖੇਡਾਂ ਦੇ ਟ੍ਰੇਨਿੰਗ ਕੈਂਪ ਵਿੱਚ ਹਿੱਸਾ ਲੈਣ ਵਾਲੇ ਵੱਖ-ਵੱਖ ਕਾਲਜਾਂ, ਯੂਨੀਵਰਸਿਟੀਆਂ ਤੋਂ ਆਉਣ ਵਾਲੇ ਖਿਡਾਰੀਆਂ ਨੇ ਵੀ ਇਸ ਸਪੋਰਟਸ ਮੈੱਸ ਵਿੱਚੋਂ ਮਿਲਣ ਵਾਲੇ ਵਧੀਆ ਖਾਣੇ ਦੀ ਖੁੱਲ੍ਹੇ ਦਿਲ ਨਾਲ ਪ੍ਰਸ਼ੰਸਾ ਕੀਤੀ ਹੈ।

ਗੁਰੂ ਨਾਨਕ 'ਵਰਸਿਟੀ ਦੀ ਸਪੋਰਟਸ ਮੈੱਸ ਦੇ ਸੰਚਾਲਕ ਸੰਤ ਸਿੰਘ, ਜਗਜੀਵਨ ਸਿੰਘ।

ਦੇਸ਼ ਦੇ ਹੋਰਨਾਂ ਕਾਲਜਾਂ ਵਿੱਚੋਂ ਆਏ ਖਿਡਾਰੀਆਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅਸੀਂ ਇਸ ਮੈੱਸ ਵਿੱਚੋਂ ਖਾਣਾ ਖਾਂਦੇ ਹੋਏ ਇਹ ਮਹਿਸੂਸ ਕਰਦੇ ਰਹੇ ਹਾਂ ਕਿ ਜਿਵੇਂ ਅਸੀਂ ਆਪਣੇ ਘਰ ਵਿਚ ਹੀ ਖਾਣਾ ਖਾ ਰਹੇ ਹੋਈਏ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਸਮੁੱਚੇ ਟ੍ਰੇਨਿੰਗ ਕੈਂਪ ਦੌਰਾਨ ਸਵੇਰ ਦੇ ਨਾਸ਼ਤੇ ਵਿਚ ਆਲੂ ਵਾਲੇ ਪਰਾਂਠੇ, ਪਨੀਰ ਭੁਰਜੀ, ਮੱਖਣ, ਆਂਡੇ ਦੀ ਭੁਰਜੀ, ਦਹੀਂ ਅਤੇ ਦੁੱਧ ਦੇ ਗਲਾਸਾਂ ਨੇ ਉਨ੍ਹਾਂ ਨੂੰ ਕਦੇ ਵੀ ਘਰ ਦੀ ਯਾਦ ਨਹੀਂ ਆਉਣ ਦਿੱਤੀ। ਇਸ ਤਰ੍ਹਾਂ ਪਿਛਲੇ ਦਿਨੀਂ ਹਾਕੀ ਦੇ ਲੱਗੇ ਟ੍ਰੇਨਿੰਗ ਕੈਂਪ ਦੌਰਾਨ ਹਾਕੀ ਖਿਡਾਰੀਆਂ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਦਾ ਵੀ ਇਹੋ ਕਹਿਣਾ ਸੀ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਪੋਰਟਸ ਮੈੱਸ ਵਿੱਚੋਂ ਸਵੇਰ ਦੀ ਤਰ੍ਹਾਂ ਰਾਤ ਨੂੰ ਦਾਲ ਸਬਜ਼ੀ, ਮਿੱਠੇ ਖਾਧ ਪਦਾਰਥ ਅਤੇ ਬੁੱਧਵਾਰ ਨੂੰ ਬਣਨ ਵਾਲੇ ਚਿਕਨ ਨੇ ਉਨ੍ਹਾਂ ਨੂੰ ਕਦੇ ਵੀ ਰੈਸਟੋਰੈਂਟ ਵੱਲ ਜਾਣ ਨਹੀਂ ਦਿੱਤਾ। ਸਪੋਰਟਸ ਮੈੱਸ ਵਿੱਚੋਂ ਮਿਲ ਰਹੀਆਂ ਅਜਿਹੀਆਂ ਸਹੂਲਤਾਂ ਬਾਰੇ ਜਦੋਂ ਮੈੱਸ ਦੇ ਠੇਕੇਦਾਰ ਸੰਤ ਸਿੰਘ ਅਤੇ ਜਗਜੀਵਨ ਸਿੰਘ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਇਹ ਕਿਹਾ ਕਿ ਮੈੱਸ ਦਾ ਸਮੁੱਚਾ ਪ੍ਰਬੰਧ ਮੈਨੇਜਰ ਮਨਿੰਦਰ ਸਿੰਘ ਸੰਧੂ ਦੀ ਦੇਖ-ਰੇਖ ਹੇਠ ਚੱਲਦਾ ਹੈ। ਮਨਿੰਦਰ ਸਿੰਘ ਸੰਧੂ ਨੇ ਬੱਚਿਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਕਦੇ ਵੀ ਮੈੱਸ ਵਿਚ ਕਿਸੇ ਚੀਜ਼ ਦੀ ਘਾਟ ਨਹੀਂ ਆਉਣ ਦਿੱਤੀ। ਉਨ੍ਹਾਂ ਦੱਸਿਆ ਕਿ ਅਸੀਂ ਖਿਡਾਰੀਆਂ ਦੀ ਸਰੀਰਕ ਯੋਗਤਾ ਵਧਾਉਣ ਦੇ ਨਾਲ-ਨਾਲ ਉਨ੍ਹਾਂ ਦਾ ਆਤਮਿਕ ਬਲ ਵਧਾਉਣ ਲਈ ਮੈੱਸ ਵਿਚ ਪਰਿਵਾਰਕ ਮਾਹੌਲ ਬਣਾ ਕੇ ਰੱਖਦੇ ਹਾਂ ਤਾਂ ਕਿ ਵਿਦਿਆਰਥੀ ਸਰੀਰਕ ਅਤੇ ਮਾਨਸਿਕ ਤੌਰ 'ਤੇ ਰਿਸ਼ਟ-ਪੁਸ਼ਟ ਰਹਿ ਕੇ ਵੱਧ ਤੋਂ ਵੱਧ ਅਤੇ ਵੱਡੀਆਂ ਖੇਡ ਪ੍ਰਾਪਤੀਆਂ ਕਰ ਕੇ ਯੂਨੀਵਰਸਿਟੀ ਦਾ, ਪੰਜਾਬ ਅਤੇ ਦੇਸ਼ ਦਾ ਨਾਮ ਰੌਸ਼ਨ ਕਰ ਸਕਣ।